ਗੁਰਮੇਲ ਸਿੰਘ ਬੌਂਡੇ

# ਵਾਹ ਭਾਈ ਜੀ ਵਾਹ ! ਪੜ੍ਹਨੀਆਂ ਪੋਥੀਆਂ ਤੇ ਕੰਮ ਕਰਨੇ ਆਹ ।

ਪੁਰਾਣੇ ਸਮੇਂ ਵਿਚ ਉਮਰੋਂ ਪੱਕੇ ਤੇ ਬੱਗੀ ਦਾਹੜੀ ਵਾਲੇ ਮਨੁੱਖ ਤੋਂ ਜੋ ਪਾਠ ਪੜ੍ਹਦਾ ਰਿਹਾ ਹੋਵੇ ਉਸ ਕੋਲੋਂ ਜੀਭ ਰਸ, ਕੰਨ ਰਸ ਜਾਂ ਦੇਹੀ ਨਾਦ ਵਰਗੀ ਹਰਕਤ ਹੋ ਜਾਂਦੀ ਸੀ ਤਾਂ ਅਕਸਰ ਅਜਿਹਾ ਕਿਹਾ ਜਾਂਦਾ ਸੀ ਕਿਉਂਕਿ ਅਜਿਹਾ ਉਸਨੂੰ ਆਪ ਦੀ ਉਮਰ-ਰੁਤਬੇ ਤੇ ਵੱਕਾਰ ਨੂੰ ਨਜ਼ਰਅੰਦਾਜ਼ ਕਰਕੇ ਵਾਸ਼ਨਾ ਤਹਿਤ ਕੀਤਾ ਹੁੰਦਾ ਸੀ।

ਲੋਕ ਉਸ ਵੱਲ ਹੱਥ ਕਰ ਕਰ ਕੇ ਗੱਲਾਂ ਕਰਦੇ। ਸਮਾਜ 'ਚ ਉਸਨੂੰ ਚੌਰਾ ਕਹਿੰਦੇ ਸਨ ਜਿਸਨੇ ਉਮਰਾਂ ਦੇ ਕਈ ਦਹਾਕੇ ਹੰਢਾ ਕੇ ਵੀ ਸਮਾਜਿਕ ਸਲੀਕਾ ਨਹੀਂ ਸੀ ਸਿੱਖਿਆ ਹੁੰਦਾ। ਇਹ ਵਰਤਾਰਾ ਅੱਜ ਦੇ ਦੌਰ ਵਿਚ ਵੀ ਕਾਰਜਸ਼ੀਲ ਹੈ ਜਿਸਨੂੰ ਅਸੀਂ ਨਜ਼ਰਅੰਦਾਜ ਕਰ ਦਿੰਦੇ ਹਾਂ। ਹਰ ਰੋਜ਼ ਕਿੰਨੇ ਹੀ ਵਾਰ ਅਜਿਹੇ ਚੌਰਿਆਂ ਦਾ ਦ੍ਰਿਸ਼ ਦੁਹਰਾਇਆ ਵੀ ਜਾਂਦਾ ਹੈ।

ਬਹੁਤੀ ਲੰਬੀ ਗੱਲ ਨਾਂ ਕਰਦੇ ਹੋਏ, ਸੌ ਹੱਥ ਰੱਸਾ ਸਿਰੇ ਤੇ ਗੰਢ ਵਾਲੇ ਅਖਾਣ ਮੁਤਾਬਕ ਟੈਲੀਵਿਜ਼ਨ ਦੇ ਚੈਨਲਾਂ ਤੇ ਦਿਖਾਏ ਜਾਂਦੇ ਲੱਚਰ ਗੀਤਾਂ ਵਿਚ ਉਹਨਾਂ ਵੱਲੋਂ ਗੰਦੇ ਗੀਤਾਂ ਵਿਚ ਨਿਭਾਈ ਜਾਂਦੀ ਭੂਮਿਕਾ ਤੋਂ ਹੈ। ਅਜਿਹਾ ਰੋਲ ਕਰਨ ਵਾਲੇ ਬਾਬਿਆਂ ਦੀਆਂ ਧੀਆਂ ਵੀ ਹੁੰਦੀਆਂ ਹੋਣਗੀਆਂ, ਪੋਤਰੀਆਂ ਜਾਂ ਦੋਹਤਰੀਆਂ ਵੀ ਹੁੰਦੀਆਂ ਹੋਣਗੀਆਂ ਕੀ ਉਹ ਆਪਣੇ ਦਾਦੇ ਜਾਂ ਨਾਨੇ ਵੱਲੋਂ ਨਿਭਾਈ ਜਾਂਦੀ ਭੂਮਿਕਾ ਤੇ ਫ਼ਖਰ ਕਰਦੀਆਂ ਹੋਣਗੀਆਂ ਜਾਂ ਮੱਥੇ ਤੇ ਹੱਥ ਮਾਰਦੀਆਂ ਹੋਣਗੀਆਂ।

ਵਰਤਮਾਨ ਗਾਇਕੀ ਵਿਚ ਜਿੱਥੇ ਲਿਖਣ ਵਾਲੇ, ਗੀਤ ਫਿਲਮਾਉਣ ਵਾਲੇ ਤੇ ਗਾਉਣ ਵਾਲੇ ਜ਼ੁੰਮੇਵਾਰ ਹਨ ਉਥੇ ਉਹਨਾਂ ਲੱਚਰ ਗੀਤਾਂ ਵਿਚ ਆਪਣੀ ਸ਼ਕਲ ਦਿਖਾਉਣ ਵਾਲੇ ਸੱਤਰੇ-ਬਹੱਤਰੇ ਬਜ਼ੁਰਗਾਂ ਨੂੰ ਵੀ ਮੁਆਫ਼ ਨਹੀਂ ਕੀਤਾ ਜਾ ਸਕਦਾ। ਕੁਦਰਤੀ ਗੱਲ ਹੈ ਕਿ ਬੁੱਲ੍ਹਾਂ ਤੇ ਜੀਭ ਫੇਰਦੇ ਬਾਬੇ ਵੀ ਕੁਝ ਪਲ ਲਈ ਆਪਣੇ ਅਤੀਤ ਵਿਚ ਚਲੇ ਜਾਂਦੇ ਹਨ। ਉਹ ਆਪਣਾ ਲੰਘ ਚੁੱਕਿਆ ਵੇਲਾ ਯਾਦ ਕਰਦੇ ਹਨ।

ਅਕਸਰ ਕਿਹਾ ਜਾਂਦਾ ਹੈ ਕਿ ਗੀਤ ਅਤੇ ਉਸਦੀਆਂ ਪੇਸ਼ਕਾਰੀਆਂ ਸਮਾਜ ਦਾ ਦਰਪਨ ਹੁੰਦੀਆਂ ਹਨ। ਇਹਨਾਂ ਬਜ਼ੁਰਗਾਂ ਦਾ ਕੰਮ ਵਿਰਾਸਤ ਦੇ ਸ਼ੀਸ਼ੇ ਨੂੰ ਸਾਫ਼ ਰੱਖਣਾ ਹੁੰਦਾ ਹੈ ਨਾਕਿ ਖੋਤਿਆਂ ਵਿਚ ਖੁਦ ਖੋਤੇ ਬਣ ਜਾਣਾ ਹੁੰਦਾ ਹੈ। ਵਿਆਹ ਭਵਨਾਂ (ਮੈਰਿਜ ਪੈਲਿਸਾਂ) ਵਿਚ ਸੱਭਿਆਚਾਰਕ ਦੇ ਜਾਂ ਲੱਚਰ ਅਖਾੜਿਆਂ ਨੇ ਸਾਡੇ ਕੋਲੋਂ ਸੂਰਮਿਆਂ ਦੀਆਂ ਵਾਰਾਂ, ਕਵੀਸ਼ਰੀ ਤੇ ਢਾਡੀ ਗਾਇਨ ਖੋਹ ਲਿਆ ਹੈ। ਦਾਦੀਆਂ, ਨਾਨੀਆਂ ਤੇ ਮਾਵਾਂ ਦੇ ਮੂੰਹੋਂ ਰਿਸ਼ਤਿਆਂ 'ਚ ਲਿਬਰੇਜ਼ ਲੰਬੀ ਹੇਕ ਵਾਲੇ ਗੀਤ ਖੋਹ ਲਏ ਹਨ। ਵਿਆਹ 'ਚ ਆਏ ਮਹਿਮਾਨ ਪਹਿਲੇ ਸਮਿਆਂ 'ਚ ਆਪਣੀ ਖੁਸ਼ੀ ਦਾ ਪ੍ਰਗਟਾਵਾ ਸੱਭਿਆਚਾਰਕ ਦਾਇਰੇ 'ਚ ਰਹਿ ਕੇ ਜਿਵੇਂ ਕਿ ਜਾਗੋ ਕੱਢਣਾ, ਸੁਆਂਗ ਧਾਰਨਾ, ਲੰਬੀ ਹੇਕ ਵਾਲੇ ਸੁਹਾਗ ਤੇ ਘੋੜੀਆਂ ਗਾਉਣੀਆਂ ਬੀਤੇ ਸਮੇਂ ਦੀ ਗੱਲ ਬਣ ਕੇ ਰਹਿ ਗਈਆਂ ਹਨ। ਅਸੀਂ ਆਪਣੇ ਆਪ ਨੂੰ ਸੱਭਿਅਕ ਸਮਝਦੇ ਹੋਏ ਆਪਣਾ ਵਿਰਸਾ ਤੇ ਵਿਰਾਸਤ ਗੁਆ ਲਈ ਹੈ। ਪਰ ਸੱਤਰੇ-ਬਹੱਤਰੇ ਬਾਬਿਆਂ ਵੱਲੋਂ ਲੱਚਰਤਾ ਦੇ ਇਸ ਗੰਦੇ ਚਿੱਕੜ 'ਚ ਗਰਕ ਜਾਣਾ ਉਹਨਾਂ ਦੇ ਬੁਢਾਪੇ ਨੂੰ ਇਕ ਅਤਿ ਘਿਨਾਉਣੀ ਗੱਲ ਹੈ।


ਇਸ ਦਾ ਪ੍ਰਤੱਖ ਪ੍ਰਤੀਕ੍ਰਮ ਇਹ ਹੋ ਰਿਹਾ ਹੈ ਕਿ ਇਹਨਾਂ ਵਿਆਹ ਭਵਨਾਂ ਵਿਚ ਸੱਭਿਆਚਾਰਕ ਗਰੁੱਪਾਂ ਵੱਲੋਂ ਕੀਤੀਆਂ ਜਾਂਦੀਆਂ ਅਧ-ਨੰਗੀਆਂ ਪੇਸ਼ ਕਰਨ ਅਤੇ ਪਿੱਛੇ ਚੱਲ ਰਹੇ ਲੱਚਰ ਗੀਤਾਂ ਤੇ ਬਰਾਤ ਗਏ ਸੱਤਰੇ-ਬਹੱਤਰੇ ਪੈਗ ਹੱਥ 'ਚ ਫੜ ਕੇ ਨੱਚਦੇ ਹਨ। ਭਾਵੇਂ ਕਿ ਉਹਨਾਂ ਦੇ ਸਾਹਮਣੇ ਉਹਨਾਂ ਦੀਆਂ ਪੋਤਰੀਆਂ ਦੋਹਤਰੀਆਂ ਜਾਂ ਧੀਆਂ ਹੀ ਕਿਉਂ ਨਾ ਬੈਠੀਆਂ ਹੋਣ। ਜਦੋਂ ਬਜ਼ੁਰਗ ਐਨਾ ਨਿੱਘਰ ਜਾਣ ਤਾਂ ਉਹ ਸਮਾਜ ਵਿਚ ਮਾਰਗ ਦਰਸ਼ਨ ਕਰਨ ਵਾਲੇ ਰਹਿਨੁਮਾਂ ਨਹੀਂ ਰਹਿੰਦੇ। ਉਹ ਇਸ ਸਮੇਂ ਜੇ ਇਸ ਵਰਤਾਰੇ ਨੂੰ ਰੋਕ ਨਹੀਂ ਸਕਦੇ ਤਾਂ ਘੱਟੋ-ਘੱਟ ਆਪਣੇ ਆਪ ਨੂੰ ਆਪਣੀਆਂ ਬਿਰਤੀਆਂ ਨੂੰ ਜਾਂ ਆਪਣੀਆਂ ਵਾਸ਼ਨਾਵਾਂ ਨੂੰ ਕਾਬੂ ਵਿਚ ਤਾਂ ਰੱਖ ਸਕਦੇ ਹਨ। ਫਿਰ ਉਹ ਝੂਰਦੇ ਹਨ ਕਿ ਉਹਨਾਂ ਦੇ ਧੀਆਂ ਪੁੱਤ ਜਾਂ ਪੁੱਤ ਪੋਤਰੇ ਉਹਨਾਂ ਦੀ ਸਿਆਣ ਨਹੀਂ ਕੱਢਦੇ, ਉਨ੍ਹਾਂ ਦੇ ਕੋਲ ਨਹੀਂ ਬਹਿੰਦੇ, ਸਤਿਕਾਰ ਨਹੀਂ ਕਰਦੇ। ਜਦੋਂ ਉਹ ਆਪਣਾ ਅਜਿਹਾ ਝੱਲ ਖਿਲਾਰਦੇ ਹਨ ਤਾਂ ਆਪਣੇ ਅਮਲਾਂ ਦੀਆਂ ਕਿੱਕਰਾਂ ਬੀਜ ਕੇ ਦਾਖਾਂ ਭਾਲਣ ਵਾਲੀ ਬੇਵਕੂਫੀ ਕਰਦੇ ਹਨ। ਕਾਰਨ ਕਿ ਉਹਨਾਂ ਆਪਣਾ ਫਰਜ਼ ਭੁੱਲ ਕੇ ਰਹਿਨੁਮਾਈ ਨਹੀਂ ਕੀਤੀ ਹੁੰਦੀ।

ਹੁਣ ਤਾਂ ਹਰ ਰਸਮੋਂ ਰਿਵਾਜ਼ ਵਿਚ ਡੀ.ਜੇ. ਪ੍ਰਧਾਨ ਹੈ। ਕਿਸੇ ਖੁਸ਼ੀ ਮੌਕੇ ਜਾਂ ਮਰਗ ਦੇ ਭੋਗ ਮੌਕੇ ਭਾਈ ਜੀ ਜਾਂ ਕੀਰਤਨੀਏ ਚੰਗੇ ਸਾਊਂਡ ਸਿਸਟਮ ਦੀ ਮੰਗ ਰੱਖਦੇ ਹਨ। ਉਹਨਾਂ ਨੂੰ ਡੀ.ਜੇ. ਸਿਸਟਮ ਤੇ ਗੁਰਬਾਣੀ ਗਾਇਨ ਤੇ ਪਾਰ ਕਰਨ ਵਿਚ ਅਨੰਦ ਆਉਂਦਾ ਹੈ। ਗੁਰੂ ਸਾਹਿਬਾਨ ਦੇ ਪ੍ਰਕਾਸ਼ ਉਤਸਵਾਂ ਤੇ ਲਗਾਏ ਜਾਂਦੇ ਚਾਹ ਪਕੌੜਿਆਂ ਦੇ ਲੰਗਰਾਂ ਤੇ ਜਾਂ ਗਰਮੀ ਵਿਚ ਲਗਾਈਆਂ ਜਾਂਦੀਆਂ ਛਬੀਲਾਂ ਤੇ ਡੀ.ਜੇ. ਪ੍ਰਧਾਨ ਹੁੰਦਾ ਹੈ। ਬਾਬੇ ਨਾਨਕ ਦੀ ਰਬਾਬ ਤਾਂ ਇਹਨਾਂ ਨੇ ਕਦੋਂ ਦੀ ਪੈਰਾਂ ਹੇਠ ਲਿਤਾੜ ਦਿੱਤੀ ਹੈ। ਬਾਣੀ ਉਹ ਬਾਬੇ ਨਾਨਕ ਦੀ ਪੇਸ਼ ਕਰਦੇ ਹਨ। ਇਹ ਸਮੁੱਚਾ ਰੁਝਾਨ ਇਕ ਸ਼ੋਰ ਬਣ ਕੇ ਰਹਿ ਗਿਆ ਹੈ ਤੇ ਮਨੁੱਖ ਇਸ ਵਿਚ ਗੁਆਚ ਕੇ ਰਹਿ ਗਿਆ ਹੈ। ਕੀ ਅਸੀਂ ਐਨੇ ਬੋਲੇ ਹੋ ਚੁੱਕੇ ਹਾਂ ਕਿ ਡੀ.ਜੇ. ਬਿਨ੍ਹਾਂ ਸਾਨੂੰ ਕੁਝ ਸੁਣਾਈ ਹੀ ਨਹੀਂ ਦਿੰਦਾ। ਇੰਜ ਡੀ.ਜੇ. ਸਿਰਫ਼ ਵਿਆਹ ਭਵਨਾਂ ਵਿਚ ਹੀ ਭਾਰੂ ਨਹੀਂ ਰਹੇ ਸਗੋਂ ਸਮਾਜਿਕ ਅਤੇ ਧਾਰਮਿਕ ਸੰਸਕਾਰਾਂ ਵਿਚ ਵੀ ਕੈਂਸਰ ਦੇ ਕੀਟਾਣੂੰਆਂ ਵਾਂਗ ਘੁਸਪੈਠ ਕਰ ਚੁੱਕੇ ਹਨ।

ਵਿਦੇਸ਼ਾਂ ਵਿਚ ਸਿੱਖ ਜਾਂ ਪੰਜਾਬੀ ਕਿਹੜਾ ਨਹੀਂ ਵਸਦੇ ਉਥੇ ਗੁਰਦੁਆਰੇ ਵੀ ਹਨ। ਪਰ ਨਿਸ਼ਾਨ ਸਾਹਿਬ ਤੇ ਚਾਰ-ਚਾਰ ਸਪੀਕਰ ਨਹੀਂ ਬੰਨੇ ਹੁੰਦੇ ਤੇ ਉਥੇ ਧੀਮੀ ਆਵਾਜ਼ ਵਿਚ ਗੁਰਬਾਣੀ ਗਾਇਨ ਹੁੰਦਾ ਹੈ ਤੇ ਵਿਆਹ ਸਮੇਂ ਘਰ ਦੀ ਚਾਰ ਦੀਵਾਰੀ ਅੰਦਰ-ਅੰਦਰ ਹੀ ਓਨਾ ਕੁ ਸੰਗੀਤ ਵੱਜਦਾ ਹੈ ਜੋ ਦੂਸਰੇ ਦੇ ਕੰਮਾਂ ਵਿਚ ਖੱਲਰ ਨਾ ਪਾਵੇ। ਪਰ ਏਥੇ ਲੀਡਰਾਂ ਨੂੰ ਵੀ ਵੋਟਾਂ ਖਾਤਰ ਲੋਲੀਪਾਪ ਵਰਗੇ ਅੱਛੇ ਦਿਨਾਂ ਦੇ ਸੁਪਨੇ ਦਿਖਾਉਣ ਲਈ ਡੀ.ਜੇ. ਸਿਸਟਮ ਚਾਹੀਦਾ ਹੈ।

ਸ਼ੋਰ ਨਾਲ ਸਬੰਧਿਤ ਜੁੜੀ ਗੱਲ ਨੂੰ ਆਪਾਂ ਫੇਰ ਉਸੇ ਦਿਸ਼ਾ ਤੇ ਕੇਂਦਰਤ ਕਰਦੇ ਹਾਂ ਕਿ ਅੱਜ ਸਾਡੀ ਵਿਰਾਸਤ ਨੂੰ, ਅਣਖ ਨੂੰ ਸਿਉਂਕ ਖਾ ਚੁੱਕੀ ਹੈ। ਸਾਡੇ ਸੰਸਕਾਰ ਸਾਥੋਂ ਗੁਆਚ ਗਏ ਹਨ। ਕਈ ਇਸ ਬਾਰੇ ਇਹ ਕਹਿੰਦੇ ਹਨ ਕਿ ਇਹ ਸਮਾਜਿਕ ਤਬਦੀਲੀ ਹੈ-ਤਬਦੀਲੀ ਕੁਦਰਤ ਦਾ ਨਿਯਮ ਹੈ। ਫਿਰ ਤਾਂ ਸਾਨੂੰ ਕੈਨੇਡਾ, ਅਮਰੀਕਾ ਜਾਣ ਲਈ ਭੈਣ-ਭਰਾ ਦਾ ਜਾਂ ਸਲਵਾਨ ਦੀ ਉਮਰ ਵਰਗੇ ਵਿਦੇਸ਼ੀ ਲਾੜਿਆਂ ਦਾ 20-25 ਸਾਲ ਦੀ ਲੜਕੀ ਨੂੰ ਵਿਆਹ ਕੇ ਲੈ ਜਾਣਾ ਜਾਂ ਸੱਠ ਸਾਲ ਦੇ ਬਾਬੇ ਵੱਲੋਂ 7-8 ਸਾਲ ਦੀ ਪੋਤਰੀ ਵਰਗੀ ਬੱਚੀ ਨਾਲ ਕੀਤੀ ਬਦਫੈਲੀ ਨੂੰ ਵੀ ਸਮਾਜਿਕ ਤਬਦੀਲੀ ਕਹਿਣਾ ਪਵੇਗਾ। ਕਿਉਂਕਿ ਲਿੰਗਕ ਅਪਰਾਧਾਂ ਦਾ ਵਾਧਾ ਅਤੇ ਉਹ ਗਾਇਕੀ ਜਿਸ ਵਿਚ ਸ਼ਰਾਬ ਦੀ ਜਾਂ ਚਿੱਟੇ ਨਸ਼ੇ ਦੀ ਜਾਂ ਕੁੜੀਆਂ ਮਗਰ ਲਈ ਜਾਂਦੀਆਂ ਲਗਾੜਿਆਂ ਦੀ ਖਰਗੋਸ਼ ਮਗਰ ਪਏ ਕਈ ਕੁੱਤਿਆਂ ਵਾਂਗ ਗੀਤਾਂ ਦੇ ਫਿਲਮਾਂਕਣ ਨੂੰ ਵੀ ਤਬਦੀਲੀ ਕੁਦਰਤ ਦਾ ਨਿਯਮ ਹੈ ਦੇ ਸਿਧਾਂਤ ਨੂੰ ਸਮਝ ਕੇ ਪ੍ਰਵਾਨ ਕਰਨਾ ਪਵੇਗਾ? ਕੀ ਤੁਸੀਂ ਆਪਣੇ ਧੀਆਂ-ਪੁੱਤਰਾਂ ਤੇ ਜਾਂ ਪੋਤਰੀਆਂ ਦੋਹਤੀਆਂ ਦੇ ਇਸ ਵਹਿਣ 'ਚ ਬਹਿ ਕੇ ਉਥਲ ਜਾਣ ਨੂੰ ਜਾਇਜ਼ ਮੰਨੋਗੇ? ਜੇ ਜਵਾਬ ਨਹੀਂ ਹੈ ਤਾਂ ਫਿਰ ਇਸ ਵਰਤਾਰੇ ਨੂੰ ਠੱਲ ਕੌਣ ਪਾਊ? ਜਾਂ ਤਾਂ ਪੁੱਤਰਾਂ ਦਾ ਨਸ਼ੇੜੀ ਹੋ ਜਾਣਾ ਤੇ ਧੀਆਂ, ਪੋਤਰੀਆਂ ਦਾ ਉਥਲ ਜਾਣਾ ਸਵੀਕਾਰ ਕਰੋ ਜੇ ਅਣਖ ਬਾਕੀ ਹੈ ਤਾਂ ਬਾਬਾ ਦੀਪ ਸਿੰਘ ਵੱਲੋਂ ਖੰਡੇ ਨਾਲ ਲਕੀਰ ਖਿੱਚਣ ਵਾਂਗ ਆਪਣੇ ਬੌਧਿਕ ਖੰਡੇ ਨਾਲ ਲਕੀਰ ਖਿੱਚ ਕੇ ਇਸ ਲਕੀਰ ਦੇ ਆਰ ਜਾਂ ਪਾਰ ਖੜਨਾ ਪਵੇਗਾ। ਇਹ ਵਰਤਮਾਨ ਸਮੇਂ ਦੀ ਫੌਰੀ ਲੋੜ ਹੈ। ਨਹੀਂ ਤਾਂ ਜਿਵੇਂ ਵੱਖ-ਵੱਖ ਚੈਨਲਾਂ ਰਾਹੀਂ ਇਕ ਨਹੀਂ ਸੈਂਕੜੇ ਵਾਰ ਨੌਜਵਾਨਾਂ ਨੂੰ, ਨੌਜਵਾਨ ਕੁੜੀਆਂ ਦੀ ਕਿਸ਼ੋਰ ਅਵਸਥਾ ਦੇ ਪੁੰਗਰਦੇ ਸੰਵੇਗਾ ਅਤੇ ਜਿਵੇਂ ਬਜ਼ੁਰਗਾਂ ਦੀ ਚਿੱਟੀ ਪੱਗ ਨੂੰ ਉਹ ਖੁਦ ਹੀ ਇਸ ਵਰਤਾਰੇ ਦਾ ਹਿੱਸਾ ਬਣ ਕੇ ਯੋਗਦਾਨ ਪਾ ਰਹੇ ਹਨ ਉਹਨਾਂ ਦੀ ਧੌਣ 'ਚ ਹੱਥ ਪਾਉਣਾ ਪਵੇਗਾ।

- ਗੁਰਮੇਲ ਸਿੰਘ 'ਬੌਂਡੇ'
ਸਾਹਿਤਕ ਸਲਾਹਕਾਰ: "ਮਹਿਕ ਵਤਨ ਦੀ"
ਆਨਰੇਰੀ ਸੰਪਾਦਕ: "ਦਸਤਕ" ਕੈਨੇਡਾ
Ph.98143-04213
E-Mail: dhaliwal.gurmelbaude@gmail.com



ਪੁਰਾਣੇ ਸਮੇਂ ਵਿਚ ਇਹ ਬਜ਼ੁਰਗ ਹੀ ਤਾਂ ਕਹਿੰਦੇ ਹੁੰਦੇ ਸਨ ਕਿ ਗਾਉਣ ਵਾਲਾ, ਗੱਲ, ਕੰਜਰੀ ਲੈਂਦੇ ਜੋਬਨ ਵਿਚ ਬਹਾਰ। ਹੁਣ ਇਸਦੇ ਬਿਲਕੁਲ ਉਲਟ ਲੱਚਰ ਗੀਤਾਂ ਦੇ ਫਿਲਮਾਂਕਣ ਵਿਚ ਇਹ ਧੌਲ ਦਾਹੜੀਏ ਕਿਹੜੀ ਬਹਾਰ ਲੈ ਰਹੇ ਹਨ। ਜੇ ਬਜ਼ੁਰਗਾਂ ਦਾ ਹੀ ਆਵਾ ਊਤ ਜਾਵੇ ਤਾਂ ਫਿਰ ਹੱਥੋਂ ਕਿਰਦੀ ਜਾ ਰਹੀ ਜਵਾਨੀ ਨੂੰ ਕੀ ਕਹੀਏ? ਅੱਜਕਲ੍ਹ ਦੇ ਲੱਚਰਤਾ ਭਰਪੂਰ ਗਾਉਣ ਵਾਲੇ ਤਾਂ ਨੌਜਵਾਨ ਹਨ। ਸਾਹਿਤ ਤੋਂ ਸੱਭਿਆਚਾਰ ਤੇ ਇਤਿਹਾਸਕ ਵਿਰਾਸਤ ਨਾਲੋਂ ਟੁੱਟੇ ਹੋਏ 20-25 ਸਾਲ ਦੇ ਨੌਜਵਾਨ ਹਨ। ਅੱਗੇ ਗੁੜ ਨਾਲੋਂ ਇਸ਼ਕ ਮਿੱਠਾ ਗਾਉਣ ਵਾਲੇ ਦੀ ਬੇਟੀ ਨੇ ਕੀ ਕੀਤਾ ਹੈ ਸਭ ਦੇ ਸਾਹਮਣੇ ਹਨ। ਤੇ ਖ਼ੈਰ ਸੁੱਖ "ਲੱਕ ਟਵੰਟੀ ਏਟ ਕੁੜੀ ਦਾ" ਗਾਉਣ ਵਾਲੇ ਦੀ ਧੀ ਜਾਂ ਭੈਣ ਜਾਂ ਪੋਤਰੀ ਦੀ ਵੀ ਨਹੀਂ ਹੈ। ਕਿਉਂਕਿ ਇਹ ਉਮਰ ਹੋਰ ਆਉਂਦੇ ਪੰਦਰਾਂ-ਵੀਹ ਸਾਲਾਂ ਨੂੰ ਨਹੀਂ ਰਹਿਣੀ ਤੇ ਇੰਜ ਜੇਹੋ ਜਿਹਾ ਇਹ ਬੀਜਣਗੇ ਉਹੋ ਜਿਹਾ ਹੀ ਇਹਨਾਂ ਨੂੰ ਵੱਢਣਾ ਪਵੇਗਾ। ਜ਼ਰ੍ਹਾ ਸੋਚੋ ਕੀ ਪ੍ਰਕਾਸ਼ ਕੌਰ, ਸੁਰਿੰਦਰ ਕੌਰ ਜਾਂ ਗੁਰਮੀਤ ਬਾਵਾ ਨੂੰ ਅਜਿਹਾ ਵੱਢਣਾ ਪਿਆ ਬਿਲਕੁਲ ਨਹੀਂ ਕਿਉਂਕਿ ਉਨ੍ਹਾਂ ਨੇ ਪੰਜਾਬੀ ਸੱਭਿਆਚਾਰ ਦੇ ਮੋਹ ਭਰੇ ਗੀਤਾਂ ਦੀ ਪਿਰਤ ਨੂੰ ਅੱਗੇ ਤੋਰਿਆ ਹੈ। ਸਮਾਜ ਨੂੰ ਅਜਿਹੇ ਗਾਇਕਾਂ ਦੀ ਲੋੜ ਹੈ ਜੋ ਪੰਜਾਬ ਦੇ ਖੁਰ ਰਹੇ ਸੱਭਿਆਚਾਰ ਜਿਸ ਵਿਚ ਮਨੁੱਖ ਦੇ, ਬਾਪ ਦੇ, ਧੀਆਂ ਦੇ ਮੋਹ ਪਿਆਰ ਦੇ ਜਜ਼ਬੇ ਸਲਾਮਤ ਰਹਿਣ।

ਕਲਮ ਇਕ ਜੀਭ ਦਾ ਰੂਪ ਹੁੰਦੀ ਹੈ ਜੋ ਅੱਖਰਾਂ ਰਾਹੀਂ ਬੋਲਦੀ ਹੈ। ਇਸ ਤਰ੍ਹਾਂ ਲੱਚਰ ਲਿਖਣ ਵਾਲਿਆਂ ਦੀਆਂ ਕਾਲੀਆਂ ਜੀਭਾਂ ਵਿਚ ਵੀ ਜੁੱਤੀ ਦੇ ਤਲੇ ਲਗਦੀਆਂ ਛੋਟੀਆਂ ਮੇਖਾਂ ਵਾਂਗ ਉਹਨਾਂ ਦੀ ਜੀਭ 'ਚ ਅਜਿਹੀਆਂ ਮੇਖਾਂ ਠੋਕ ਕੇ ਲੋਕਾਂ ਵੱਲੋਂ ਹੰਢਾਈ ਜਾ ਰਹੀ ਅਸਲੀ ਜੂਨ ਤੇ ਕੇਂਦਰਤ ਕਰਨਾ ਹੋਵੇਗਾ। ਅੱਜ ਪੜ੍ਹੇ ਲਿਖੇ ਬੇਰੁਜ਼ਗਾਰ ਹੁਕਮਰਾਨਾਂ ਦੀ ਪੁਲੀਸ ਦੀਆਂ ਡਾਂਗਾਂ ਦੀ ਅੱਗ ਸੇਕ ਰਹੇ ਹਨ। ਟੈਂਕੀਆਂ ਤੇ ਚੜ੍ਹ ਕੇ ਆਤਮਦਾਹ ਕਰਨ ਲਈ ਮਜਬੂਰ ਹਨ। ਮਜ਼ਦੂਰ ਤੇ ਕਿਸਾਨ ਹਰ ਰੋਜ਼ ਆਰਥਿਕ ਤੰਗੀਆਂ ਕਾਰਨ ਖੁਦਕਸ਼ੀਆਂ ਕਰ ਰਹੇ ਹਨ। ਜਾਅਲੀ ਡਿਗਰੀਆਂ, ਜਾਅਲੀ ਕਰੰਸੀ, ਸ਼ਰਾਬ ਦੇ ਠੇਕਿਆਂ ਦੀ ਗਿਣਤੀ, ਸਕੂਲਾਂ ਤੇ ਹਸਪਤਾਲਾਂ ਨਾਲੋਂ ਆਏ ਸਾਲ ਵਧ ਰਹੀ ਹੈ।

ਲੋਕਾਈ ਵੱਲੋਂ ਹੰਢਾਈ ਜਾ ਰਹੀ ਜ਼ਿੰਦਗੀ ਨਾਲ ਤਾਂ ਇਹ ਗਾਇਕੀ ਮੇਲ ਹੀ ਨਹੀਂ ਖਾ ਰਹੀ। ਲੋਕ ਗੀਤਾਂ ਦੀ ਪ੍ਰੀਭਾਸ਼ਾ ਇਹ ਹੈ ਕਿ ਜੋ ਗੀਤ ਲੋਕਾਂ ਵੱਲੋਂ ਹੰਢਾਈ ਜਾ ਰਹੀ ਤ੍ਰਾਸਦੀ ਦੀ ਗੱਲ ਕਰਨ, ਉਹਨਾਂ ਦੇ ਦੁਖਾਂ 'ਚ ਸ਼ਰੀਕ ਹੋਣ, ਉਹਨਾਂ ਦੀ ਖੁਸ਼ੀ ਨੂੰ ਸਲੀਕੇ ਨਾਲ ਪੇਸ਼ ਕਰਨ। ਜੋ ਕੁਝ ਪੇਸ਼ ਕੀਤਾ ਜਾ ਰਿਹਾ ਹੈ ਜਾਂ ਗਾਇਕੀ ਦੇ ਰੂਪ ਵਿਚ ਪਰੋਸਿਆ ਜਾ ਰਿਹਾ ਹੈ ਉਹਨਾਂ ਦੇ ਚਿੱਕੜ ਲਿੱਬੜੇ ਸ਼ਬਦ ਜਾਂ ਮੁੱਖੜੇ ਲਿਖਦਿਆਂ ਵੀ ਸ਼ਰਮ ਆਉਂਦੀ ਹੈ। ਅਜਿਹੇ ਗਾਇਕਾਂ ਨੂੰ ਕੋਈ ਹੱਕ ਨਹੀਂ ਕਿ ਉਹ ਵੀਹ ਗੰਦੇ ਗਾਣੇ ਗਾ ਕੇ ਇਕ ਦੋ ਸ਼ਬਦ ਸੂਰਮਿਆਂ ਬਾਰੇ ਜਾਂ ਧਾਰਮਿਕ ਗੀਤਾਂ ਨਾਲ ਆਪਣਾ ਗੰਦਾ ਚਿਹਰਾ ਸਾਫ਼ ਕਰਨ। ਲੋਕਾਈ ਦਾ ਇਹ ਫਰਜ਼ ਬਣਦਾ ਹੈ ਕਿ ਚਿੱਕੜ ਦੀ ਨਾਲੀ 'ਚ ਮੂੰਹ ਮਾਰ ਰਿਹਾ ਸੂਰ ਅਰਬੀ ਘੋੜਾ ਬਣਨ ਦਾ ਜਾਂ ਨੀਲੇ ਦੇ ਸ਼ਾਹ ਅਸਵਾਰਾਂ ਦਾ ਘੋੜਾ ਬਣਨ ਦੀ ਕੋਸ਼ਿਸ਼ ਕਰਨ। ਜੋ ਧਾਰਮਿਕ ਸੰਸਥਾਵਾਂ ਇਹਨਾਂ ਦੇ ਵਿਗੜੇ ਹੁਲੀਏ ਨੂੰ ਸਿਰੋਪਾਓ ਬਖਸ਼ਦੀਆਂ ਹਨ ਜਾਂ ਪਿੰਡਾਂ ਦੀਆਂ ਉਹ ਸੰਸਥਾਵਾਂ ਜੋ ਪਿੰਡਾਂ 'ਚ ਇਹਨਾਂ ਸੱਭਿਆਚਾਰ ਦੇ ਕਾਤਲਾਂ ਸਿਰ ਫੁਲਕਾਰੀ ਤਾਣ ਕੇ ਲਿਆਉਂਦੀਆਂ ਹਨ। ਉਹ ਇਹਨਾਂ ਦੀ ਧਿਰ ਬਣ ਕੇ ਆਪਣਾ ਆਪ ਲਿਬੇੜ ਰਹੀਆਂ ਹਨ। ਜਿਥੇ ਕਬੱਡੀ ਦੇ ਟੂਰਨਾਮੈਂਟ ਖਤਮ ਹੋਣ ਤੇ ਨਸ਼ਿਆਂ ਤੇ ਸਰਿੰਜਾਂ ਦਾ ਗੰਦ ਖੇਡ ਮੈਦਾਨਾਂ ਵਿਚ ਖਿਲਰਿਆ ਮਿਲਦਾ ਹੈ। ਉਸੇ ਤਰ੍ਹਾਂ ਇਹਨਾਂ ਦੇ ਗੰਦੇ ਬੋਲਾਂ ਦਾ ਖਿਲਾਰਿਆ ਗੰਦ ਪੰਜਾਬੀਅਤ ਦੀ ਅਣਖ ਅਤੇ ਗ਼ੈਰਤ ਤੇ ਨਸ਼ੇੜੀ ਹੋਣ ਦੀ ਘਿਨਾਉਣੇ ਰੂਪ 'ਚ ਦੇਖਿਆ ਜਾ ਸਕਦਾ ਹੈ।

ਇਸ ਗੱਲ ਦਾ ਬੇਹੱਦ ਦੁੱਖ ਹੈ ਅਤੇ ਇਹ ਗੱਲ ਵਿਚਾਰਨਯੋਗ ਵੀ ਹੈ। ਦੂਸਰਾ ਇਹਨਾਂ ਗੰਦੇ ਗੀਤਾਂ ਦੇ ਫਿਲਮਾਂਕਣ ਵਿਚ ਕੰਮ ਕਰ ਰਹੇ ਧੌਲ ਦਾਹੜੀਆਂ ਦਾ ਵੀ ਫਰਜ਼ ਹੈ ਕਿ ਉਹ ਇਸਨੂੰ ਰੋਕਣ ਵਿਚ ਸਹੀ ਸੇਧ ਦੇਣ ਵਿਚ ਆਪਣਾ ਬਜ਼ੁਰਗਾਂ ਵਾਲਾ ਫਰਜ਼ ਨਿਭਾਉਣ ਤਾਂ ਜੋ ਇਹਨਾਂ ਬਜ਼ੁਰਗਾਂ ਦਾ ਖਿਲਾਰਿਆ ਗੰਦ ਸ਼ਰਾਬ ਦੇ ਠੇਕਿਆਂ ਵਾਂਗ ਬਿਰਧ ਆਸ਼ਰਮਾਂ ਵਿਚ ਵਾਧਾ ਨਾ ਕਰੇ। ਅਜਿਹੀ ਸਥਿਤੀ ਵਿਚ ਲਿਖਣ ਤੇ ਗਾਉਣ ਵਾਲੇ ਨਾਲੋਂ ਇਹਨਾਂ ਧੌਲ ਦਾਹੜੀ ਦੇ ਬਜ਼ੁਰਗਾਂ ਦੀ ਜ਼ੁੰਮੇਵਾਰੀ ਵੱਧ ਬਣਦੀ ਹੈ। ਉਹ ਇਸਨੂੰ ਆਪਣੀ ਪ੍ਰਾਪਤੀ ਬਣਾ ਕੇ ਨਾ ਦੱਸਣ ਕਿ ਉਹਨਾਂ ਨੇ ਐਨੇ ਗੀਤਾਂ ਵਿਚ ਆਪਣੀ ਸਫੈਦ ਦਾਹੜੀ ਨਾਲ ਖੇਹ ਖਾਧੀ ਹੈ। ਸਗੋਂ ਸਮਾਜ ਨੂੰ ਬਚਾਉਣ ਅਤੇ ਸੇਧ ਦੇਣ ਵਾਲੀ ਆਪਣੀ ਪੀੜ੍ਹੀ ਹੇਠ ਸੋਟਾ ਫੇਰ ਕੇ ਸੱਭਿਅਕ ਸਮਾਜ ਦਾ ਹਿੱਸਾ ਬਣਨ ਜਿਥੋਂ ਬਜ਼ੁਰਗਾਂ ਦਾ ਸਤਿਕਾਰ ਹੋਵੇ। ਭੁੱਲੇ ਭਟਕੇ ਨੌਜਵਾਨਾਂ ਲਈ ਉਹਨਾਂ ਦੀ ਸਫੈਦ ਦਾਹੜੀ ਹੀ ਉਹਨਾਂ ਨੂੰ ਵਰਜਣ ਲਈ ਠਾਣੇਦਾਰੀ ਰੋਹਬ ਬਣੇ। ਬਜ਼ੁਰਗਾਂ ਨੂੰ ਇਸ ਚਿੱਕੜ 'ਚੋਂ ਨਿਕਲ ਕੇ ਯਥਾਰਥ ਦੇ ਸੂਰਜ ਵੱਲ ਮੂੰਹ ਕਰਨ ਦੀ ਲੋੜ ਹੈ।

